NEW ERA PUBLIC SCHOOL RAJBAGH

SOLVED ASSIGNMENT OF UNIT- I

CLASS: 4th SESSION :2021-22

SUBJECT : PUNJABI Pg no : 1

## ਪਾਠ - 1
## ਅਰਦਾਸ

ਔਖੇ ਸ਼ਬਦਾਂ ਦੇ ਅਰਥ
ਅਰਦਾਸ - ਬੇਨਤੀ; ਨਦਾਨ - ਅਣਜਾਣ; ਉਪਕਾਰ - ਭਲਾ ਕਰਨਾ
ਬਾਲਕ - ਬੱਚਾ; ਧਿਆਨ - ਇਕਾਗਰ ਚਿੱਤ।

ਲਿਖਤੀ ਪ੍ਰਸ਼ਨ

ਪ੍ਰ: ਬੱਚੇ ਦੇ ਮਨ ਵਿੱਚ ਕਿਸ - ਕਿਸ ਗੱਲ ਦੀ ਕਾਮਨਾ ਹੈ?
ਉ: - ਬੱਚੇ ਦੇ ਮਨ ਵਿੱਚ ਇਹ ਕਾਮਨਾ ਹੈ ਵਿੱਦਿਆ ਦਾ ਦਿਓ ਮੈਨੂੰ ਦਾਨ, ਅੰਮ੍ਰਿਤ ਵੇਲੇ ਮੈਂ ਉੱਠ ਜਾਵਾਂ, ਤੇਰੇ ਚਰਨਾਂ ਵਿੱਚ ਧਿਆਨ ਲਗਾਵਾਂ। ਮਾਤਾ - ਪਿਤਾ ਦੀ ਸੇਵ ਕਮਾਵਾਂ, ਅੱਗੇ ਹੀ ਅੱਗੇ ਵਧਦਾ ਜਾਵਾਂ।

ਪ੍ਰ - ਪਹਿਲੀ ਕਾਮਨਾ ਕਿਹੜੀ ਹੈ?
ਉ - ਪਹਿਲੀ ਕਾਮਨਾ ਹੈ ਮੈਂ ਹਾਂ ਬਾਲਕ ਬੜਾ ਨਦਾਨ, ਵਿੱਦਿਆ ਦਾ ਦਿਓ ਮੈਨੂੰ ਦਾਨ।

ਪ੍ਰ - ਬਾਲਕ ਆਪਣੇ ਮਾਤਾ - ਪਿਤਾ ਦੇ ਬਾਰੇ ਈਸ਼ਵਰ ਨੂੰ ਕੀ ਕਹਿ ਰਿਹਾ ਹੈ?
ਉ - ਬਾਲਕ ਆਪਣੇ ਮਾਤਾ - ਪਿਤਾ ਦੇ ਬਾਰੇ ਈਸ਼ਵਰ ਨੂੰ ਕਹਿ ਰਿਹਾ ਹੈ ਕੀ ਮੈਂ ਆਪਣੇ ਮਾਤਾ - ਪਿਤਾ ਦੀ ਸੇਵ ਕਮਾਵਾਂ।

Scanned with CamScanner

ਪ੍ਰ.- ਅਰਦਾਸ ਨੂੰ ਹੋਰ ਕੀ ਕਹਿੰਦੇ ਹਨ?
ੳ.- ਅਰਦਾਸ ਨੂੰ ਹੋਰ ਬੇਨਤੀ ਕਹਿੰਦੇ ਹਨ।

2. ਹੇਠਾਂ ਦਿੱਤੇ ਸ਼ਬਦਾਂ ਦੇ ਵਾਕ ਬਣਾਓ :-

1. ਅਰਦਾਸ :- ਮੈਂ ਹਰ ਸਵੇਰੇ ਹੱਥ ਜੋੜ ਕੇ ਅਰਦਾਸ ਕਰਦਾ ਹਾ।
2. ਨਦਾਨ :- ਮੇਰਾ ਦੋਸਤ ਬੜਾ ਨਦਾਨ ਹੈ।
3. ਦਾਨ :- ਮੈਂ ਅਰਦਾਸ ਵਿੱਚ ਪ੍ਰਭੂ ਕੋਲੋਂ ਵਿੱਦਿਆ ਦਾ ਦਾਨ ਮੰਗਦਾ ਹਾ।
4. ਪਿਆਰ :- ਰਾਮ ਪਿਆਰ ਲੱਗਾ ਕੇ ਪੜ੍ਹ ਰਿਹਾ ਹੈ।
5. ਉਪਕਾਰ :- ਹਮੇਸ਼ਾ ਗਰੀਬ ਦਾ ਉਪਕਾਰ ਕਰੋ।

3. ਹੇਠਾਂ ਲਿਖੀਆਂ ਕਵਿਤਾ ਦੀਆਂ ਲਾਈਨਾਂ ਨੂੰ ਪੂਰਾ ਕਰੋ-

ੳ. ਮੈਂ ਹਾਂ ਬਾਲਕ ਬੜਾ ਨਦਾਨ, ਵਿੱਦਿਆ ਦਾ ਦਿਉ ਮੈਨੂੰ ਦਾਨ।

ਅ. ਮਾਤ-ਪਿਤਾ ਦੀ ਸੇਵ ਕਮਾਵਾਂ, ਅੱਗੇ ਹੀ ਅੱਗੇ ਵਧਦਾ ਜਾਵਾਂ।

ੲ. ਪੜ੍ਹ ਲਿਖ ਕੇ ਉਪਕਾਰ ਕਮਾਵਾਂ, ਗ਼ਲਤ ਰਾਹਾਂ ਤੇ ਕਦੀ ਨਾ ਜਾਵਾਂ।

ਬਹੁ-ਵਿਕਲਪੀ ਪ੍ਰਸ਼ਨ

ਸਹੀ ਉੱਤਰ ਤੇ ਸਹੀ (✓) ਦਾ ਨਿਸ਼ਾਨ ਲਾਓ -

1. ਬੱਚਾ ਕਿਸ ਅੱਗੇ ਅਰਦਾਸ ਕਰਦਾ ਹੈ?
ੳ. ਸੂਰਜ ਅੱਗੇ, ਮਾਂ ਅੱਗੇ, ਪ੍ਰਭੂ ਅੱਗੇ (✓)

2. ਬੱਚਾ ਕਿਸ ਦਾ ਦਾਨ ਮੰਗਦਾ ਹੈ?

ਘਰ ਦਾ , ਵਿੱਦਿਆ ਦਾ , ਮਿਤਰ ਦਾ

3. ਬੱਚਾ ਕਦੋਂ ਉੱਠ ਜਾਣ ਲਈ ਕਹਿੰਦਾ ਹੈ ?
ਅੰਮ੍ਰਿਤ ਵੇਲੇ , ਦੁਪਹਿਰ ਵੇਲੇ , ਸ਼ਾਮ ਵੇਲੇ

4. ਬੱਚਾ ਕਿਸ ਦੀ ਸੇਵਾ ਕਮਾਉਣ ਨੂੰ ਕਹਿੰਦਾ ਹੈ ?
ਅਧਿਆਪਕ ਦੀ , ਮਾਤ-ਪਿਤਾ ਦੀ ✓ , ਦੋਸਤਾਂ ਦੀ

5. ਬੱਚਾ ਕਿਹੜੀਆਂ ਰਾਹਾਂ 'ਤੇ ਨਾ ਜਾਣ ਲਈ ਕਹਿੰਦਾ ਹੈ?
ਚੰਗੀਆਂ ਰਾਹਾਂ 'ਤੇ , ਸਹੀ ਰਾਹਾਂ 'ਤੇ , ਗਲਤ ਰਾਹਾਂ 'ਤੇ ✓

ਵਿਆਕਰਨ

1. ਹੇਠਾਂ ਲਿਖੇ ਸ਼ਬਦਾਂ ਦੇ ਵਚਨ ਬਦਲੋ -

ੳ. ਮਾਂ - ਮਾਵਾਂ
ਅ. ਪਿਤਾ - ਪਿਤਾਵਾਂ
ੲ. ਹੱਥ - ਹੱਥਾਂ
ਸ. ਕਮਲ - ਕਮਲਾਂ
ਹ. ਰਾਹ - ਰਾਹਵਾਂ

2. ਹੇਠਾਂ ਲਿਖੇ ਸ਼ਬਦਾਂ ਦੇ ਲਿੰਗ ਬਦਲੋ -

ੳ. ਚਾਚਾ - ਚਾਚੀ
ਅ. ਨਾਨਾ - ਨਾਨੀ
ੲ. ਦਾਦਾ - ਦਾਦੀ
ਸ. ਮਾਮਾ - ਮਾਮੀ
ਹ ਭੂਆ - ਫੁੱਫੜ
ਕ. ਮਾਸੀ - ਮਾਸੜ

Scanned with CamScanner

# ਪਾਠ ੨

## ਸੰਤ ਕਬੀਰ

### ਔਖੇ ਸ਼ਬਦਾਂ ਦੇ ਅਰਥ

ਆਡੰਬਰ - ਦਿਖਾਵਾ; ਅੰਧ ਵਿਸ਼ਵਾਸ - ਬਿਨਾਂ ਸੋਚੇ-ਸਮਝੇ ਮੰਨਣਾ; ਸੰਤਾਨ-ਹੀਣ - ਜਿਸ ਦੀ ਕੋਈ ਸੰਤਾਨ ਨਾ ਹੋਵੇ; ਗ੍ਰਹਿਸਥੀ - ਘਰ-ਬਾਰ; ਪਵਿੱਤਰ - ਸ਼ੁੱਧ (ਸੁੱਚਾ); ਲੀਨ - ਇੱਕ - ਮਿੱਕ - ਇੱਕਠਾ; ਵਿਨਾਸ਼ਕ - ਅੰਤ ਕਰਨਾ; ਸੰਕਲਪ - ਇਰਾਦਾ।

### ਲਿਖਤੀ ਪ੍ਰਸ਼ਨ

ਪ੍ਰ:- ਕਬੀਰ ਦਾ ਜਨਮ ਕਦੋਂ ਹੋਇਆ?
ਉ:- ਸਾਢੇ ਪੰਜ ਸੌ ਸਾਲ ਪਹਿਲੇ ਸੰਤ ਕਬੀਰ ਜੀ ਦਾ ਜਨਮ ਹੋਇਆ ਸੀ।

ਪ੍ਰ:- ਨੀਰੂ ਨਾਮ ਦਾ ਜੁਲਾਹਾ ਕਿੱਥੇ ਰਹਿੰਦਾ ਸੀ?
ਉ:- ਨੀਰੂ ਨਾਮ ਦਾ ਜੁਲਾਹਾ ਬਨਾਰਸ ਦੇ ਕੋਲ ਲਹਿਰਤਾਰਾ ਨਾਮੀ ਥਾਂ ਵਿਚ ਰਹਿੰਦਾ ਸੀ।

ਪ੍ਰ:- ਨੀਰੂ ਜੁਲਾਹੇ ਨੂੰ ਕਬੀਰ ਕਿੱਥੇ ਮਿਲੇ ਸਨ?
ਉ:- ਨੀਰੂ ਜੁਲਾਹੇ ਨੂੰ ਕਬੀਰ ਕਮਲ ਦੇ ਪੱਤਿਆਂ ਉੱਤੇ ਮਿਲੇ ਸਨ।

ਪ੍ਰ:- ਵੱਡੇ ਹੋ ਕੇ ਕਬੀਰ ਆਪਣੇ ਪਰਿਵਾਰ ਦਾ ਗੁਜ਼ਾਰਾ ਕਿਵੇਂ ਚਲਾਉਂਦੇ ਸਨ?
ਉ:- ਵੱਡੇ ਹੋ ਕੇ ਕਬੀਰ ਕਪੜਾ ਅਤੇ ਚਾਦਰਾਂ ਬਣਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਸਨ।

Scanned with CamScanner

Q.no 5

ਪ੍ਰ:- ਸਵਾਮੀ ਰਾਮਾਨੰਦ ਦਾ ਸ਼ਿਸ਼ ਬਣਨ ਲਈ ਕਬੀਰ ਨੇ ਕੀ ਉਪਾਅ ਕੀਤਾ?

ਉ:- ਸਵਾਮੀ ਰਾਮਾਨੰਦ ਦਾ ਸ਼ਿਸ਼ ਬਣਨ ਲਈ ਇੱਕ ਦਿਨ ਕਬੀਰ ਸਵੇਰੇ ਹੀ ਗੰਗਾ ਤਟ ਦੀਆਂ ਪੌੜੀਆਂ ਉੱਪਰ ਜਾ ਕੇ ਲੇਟ ਗਏ। ਆਪਣੇ ਸਮੇਂ ਅਨੁਸਾਰ ਜਦੋਂ ਰਾਮਾਨੰਦ ਗੰਗਾ ਇਸ਼ਨਾਨ ਕਰਨ ਆਏ ਤਾਂ ਪੌੜੀਆਂ ਉਤਰਨ ਸਮੇਂ ਉਹਨਾਂ ਦਾ ਪੈਰ ਕਬੀਰ ਦੀ ਛਾਤੀ ਉੱਪਰ ਰੱਖਿਆ ਗਿਆ। ਸਵਾਮੀ ਰਾਮਾਨੰਦ ਰਾਮ-ਰਾਮ ਕਰਦੇ ਹੋਏ ਪਿੱਛੇ ਹਟ ਗਏ। ਕਬੀਰ ਨੇ ਉਹਨਾਂ ਦੇ ਪੈਰ ਫੜ ਲਏ। ਕਬੀਰ ਨੇ ਕਿਹਾ, "ਗੁਰੂ! ਮੈਂ ਰਾਮ-ਰਾਮ ਦਾ ਮੰਤਰ ਪ੍ਰਾਪਤ ਕਰ ਲਿਆ ਹੈ। ਹੁਣ ਮੈਂ ਤੁਹਾਡਾ ਸੇਵਕ ਬਣ ਗਿਆ ਹਾਂ।

ਪ੍ਰ:- ਕਬੀਰ ਜਾਤ-ਪਾਤ ਬਾਰੇ ਕੀ ਵਿਚਾਰ ਸਨ?

ਉ:- ਕਬੀਰ ਜਾਤ-ਪਾਤ ਬਾਰੇ ਵਿਚਾਰ ਸਨ ਜਾਤ-ਪਾਤ ਦੇ ਭੇਦ-ਭਾਵ ਸਭ ਮਨੁੱਖਾਂ ਦੇ ਬਣਾਏ ਹੋਏ ਹਨ, ਪਰਮਾਤਮਾ ਦੇ ਨਹੀਂ। ਕੀੜੀ ਤੋਂ ਲੈ ਕੇ ਹਾਥੀ ਤੱਕ ਸਭ ਜੀਵ ਇੱਕ ਸਮਾਨ ਹਨ।

੨. ਅਧੂਰੇ ਵਾਕਾਂ ਨੂੰ ਪੂਰੇ ਕਰੋ -

ੳ. ਉਹਨਾਂ ਦਾ ਕਹਿਣਾ ਸੀ ਕਿ ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ। ਸਭ ਪਰਮਾਤਮਾ ਦੇ ਬਣਾਏ ਹੋਏ ਇਨਸਾਨ ਹਨ।

ਅ. ਜਾਤ-ਪਾਤ ਦਾ ਭੇਦਭਾਵ ਸਭ ਮਨੁੱਖਾਂ ਦੇ ਬਣਾਏ ਹੋਏ ਹਨ।

ੲ. ਸਾਰੇ ਭਗਵਾਨ ਦੇ ਬਣਾਏ ਹੋਏ ਇਨਸਾਨ ਹਨ।

3. ਹੇਠ ਲਿਖੇ ਵਾਕਾਂ 'ਤੇ ਪਾਠ ਦੇ ਆਧਾਰ 'ਤੇ ਸਹੀ ਵਾਕ ਅੱਗੇ (✓) ਗਲਤ ਵਾਕ ਅੱਗੇ (x) ਦਾ ਨਿਸ਼ਾਨ ਲਾਓ -

ੳ. ਸਾਡੇ ਪੰਜ ਸੌ ਸਾਲ ਪਹਿਲੇ ਸੰਤ ਕਬੀਰ ਦਾ ਜਨਮ ਹੋਇਆ। (✓)

ਅ. ਨਿਰਸੰਤਾਨ ਹੋਣ ਦਾ ਨੀਰੂ ਤੇ ਉਸਦੀ ਪਤਨੀ ਨੂੰ ਕੋਈ ਦੁੱਖ ਨਹੀਂ ਸੀ। (x)

ੲ. ਇੱਕ ਦਿਨ ਉਸਦੇ ਵਿਹੜੇ ਦੇ ਗੁਲਾਬ ਦੀ ਸੁਗੰਧੀ ਸਾਰੇ ਜਗਤ ਵਿੱਚ ਫੈਲ ਗਈ। (✓)

ਸ. ਕਬੀਰ ਦਾ ਮਨ ਘਰ-ਗ੍ਰਿਹਸਥੀ ਵਿੱਚ ਬਹੁਤ ਲੱਗਦਾ ਸੀ। (x)

ਹ. ਸਵਾਮੀ ਰਾਮਾਨੰਦ ਨੇ ਕਬੀਰ ਨੂੰ ਆਪਣਾ ਸ਼ਿਸ਼ ਸਵੀਕਾਰ ਕਰ ਲਿਆ। (✓)

ਬਹੁ-ਵਿਕਲਪੀ ਪ੍ਰਸ਼ਨ
ਸਹੀ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਾਓ -

1. ਭਾਰਤ ਕਿਸ ਦਾ ਦੇਸ਼ ਹੈ?
ਭਾਰਤ ਮਾਤਾ ਦਾ, ਰਿਸ਼ੀਆਂ-ਮੁਨੀਆਂ ਦਾ (✓)
ਭਾਰਤੀਆਂ ਦਾ

2. ਨੀਰੂ ਜੁਲਾਹੇ ਤੇ ਉਸ ਦੀ ਪਤਨੀ ਨੂੰ ਅਨਾਥ ਬੱਚਾ (ਕਬੀਰ) ਕਿੱਥੇ ਮਿਲਿਆ?
ਮੇਲੇ ਵਿੱਚ, ਧਰਮ ਸਥਾਨ ਤੋਂ, ਇਕ ਤਲਾਬ ਕਿਨਾਰੇ ਤੋਂ (✓)

3. ਕਬੀਰ ਜੀ ਕਿਹੜਾ ਕੰਮ (ਧੰਦਾ) ਕਰਦੇ ਸਨ?
ਕੱਪੜੇ ਸੀਣ ਦਾ, ਕੱਪੜੇ ਬੁਣਨ ਦਾ (✓), ਜੁੱਤੀਆਂ ਬਣਾਉਣ ਦਾ

Scanned with CamScanner

4. ਕਬੀਰ ਜੀ ਦੇ ਗੁਰੂ ਕੌਣ ਸਨ ?
ਰਾਮਾਨੰਦ (✓) , ਰਾਮਚੰਦਰ , ਕ੍ਰਿਸ਼ਨ ਜੀ

5. ਕਬੀਰ ਸਾਰੀ ਉਮਰ ਕਿਸ ਦੇ ਵਿਰੋਧੀ ਰਹੇ ?
ਮਾਂ-ਬਾਪ ਦੇ , ਜਾਤ-ਪਾਤ ਦੇ (✓), ਗੁਰੂਆਂ ਦੇ

ਵਿਆਕਰਨ

ਸ਼ਬਦ ਦੇ ਪ੍ਰਕਾਰ ਦੋ ਹੁੰਦੇ ਹਨ। ਸਾਰਥਕ ਸ਼ਬਦ ਅਤੇ ਨਿਰਾਰਥਕ ਸ਼ਬਦ।

ਸਾਰਥਕ ਸ਼ਬਦ - ਜਿਹਨਾਂ ਸ਼ਬਦਾਂ ਦੇ ਸਾਫ਼ ਅਰਥ ਸਮਝ ਵਿੱਚ ਆਉਣ ਉਹਨਾਂ ਨੂੰ ਸਾਰਥਕ ਸ਼ਬਦ ਕਿਹਾ ਜਾਂਦਾ ਹੈ। ਜਿਵੇਂ- ਰੋਟੀ, ਪਾਣੀ, ਚਾਹ, ਕਿਤਾਬ ਆਦਿ।

ਨਿਰਾਰਥਕ ਸ਼ਬਦ - ਜਿਹਨਾਂ ਸ਼ਬਦਾਂ ਦੇ ਕੋਈ ਅਰਥ ਨਾ ਹੋਣ ਉਹਨਾਂ ਨੂੰ ਨਿਰਾਰਥਕ ਸ਼ਬਦ ਕਿਹਾ ਜਾਂਦਾ ਹੈ। ਇਹ ਸ਼ਬਦ ਇੱਕਲੇ ਨਹੀਂ ਬੋਲੇ ਜਾਂਦੇ ਸਗੋਂ ਸਾਰਥਕ ਸ਼ਬਦਾਂ ਦੇ ਨਾਲ ਵਾਧੂ ਬੋਲੇ ਜਾਂਦੇ ਹਨ। ਜਿਵੇਂ - ਰੋਟੀ - ਰਾਟੀ, ਪਾਣੀ-ਪੂਣੀ।

---

ਪਾਠ - 3
ਰੁੱਖ ਦੀ ਕਹਾਣੀ

ਔਖੇ ਸ਼ਬਦਾਂ ਦੇ ਅਰਥ

ਵਨਸਪਤੀ - ਘਾਹ, ਪੌਦੇ, ਰੁੱਖ; ਦੂਸ਼ਿਤ - ਗੰਦਾ; ਸ਼ਕਤੀ-ਤਾਕਤ; ਉਪਰਾਲ- ਤਲਾ; ਜੱਜ- ਨਿਆਂ ਕਰਨ ਵਾਲਾ; ਟਾਲ-ਮਟੋਲ-ਬਹਾਨਾ ਬਣਾਉਣਾ; ਨਿਆਂ - ਇਨਸਾਫ਼; ਉਪਜਾਊ - ਜਿਆਦਾ ਉਪਜ ਹੋਣਾ।

## ਲਿਖਤੀ ਪ੍ਰਸ਼ਨ

ਪ੍ਰ੦ ਰੁੱਖ ਸਾਡੇ ਕਿਸ ਤਰ੍ਹਾਂ ਦੇ ਸਾਥੀ ਹਨ?
ਉ੦:- ਰੁੱਖ ਸਾਡੇ ਗੂੜ੍ਹੇ ਸਾਥੀ ਹਨ।

ਪ੍ਰ੦:- ਜੇ ਰੁੱਖ ਨਾ ਹੁੰਦੇ ਤਾਂ ਪੰਛੀ ਆਪਣਾ ਆਲ੍ਹਣਾ ਕਿੱਥੇ ਬਣਾਉਂਦੇ?
ਉ੦:- ਜੇ ਰੁੱਖ ਨਾ ਹੁੰਦੇ ਤਾਂ ਪੰਛੀ ਘਰੋਂ ਬੇ ਘਰ ਹੋ ਜਾਂਦੇ।

ਪ੍ਰ੦3- ਰੁੱਖਾਂ ਤੋਂ ਸਾਨੂੰ ਕੀ ਲਾਭ ਹੈ?
ਉ੦:- ਅਸਮਾਨ ਨੂੰ ਛੂਹਣ ਵਾਲੇ ਛਾਂਦਾਰ ਰੁੱਖ ਹੀ ਸਾਨੂੰ ਮਿੱਠੇ ਫਲ ਖਾਣ ਲਈ ਦਿੰਦੇ ਹਨ। ਮਨੁੱਖਾਂ ਨੂੰ ਹੀ ਨਹੀਂ, ਪਸ਼ੂ-ਪੰਛੀਆਂ ਨੂੰ ਵੀ ਆਪਣੇ ਫਲ ਖਵਾ ਕੇ ਜੀਵਨ-ਦਾਨ ਦਿੰਦੇ ਹਨ। ਸਾਡੇ ਆਲੇ-ਦੁਆਲੇ ਦੀ ਹਵਾ ਨੂੰ ਵੀ ਰੁੱਖ ਤੇ ਬਨਸਪਤੀਆਂ ਹੀ ਸਾਫ਼ ਕਰਦੇ ਸਾਡੇ ਸਾਹ ਲੈਣ ਯੋਗ ਬਣਾਉਂਦੀਆਂ ਹਨ।

ਪ੍ਰ੦:- ਸੂਰਜ ਦੀਆਂ ਕਿਰਨਾਂ ਦੇ ਨਾਲ ਰੁੱਖ ਤੇ ਪੌਦੇ ਹਵਾ ਨੂੰ ਕਿਸ ਤਰ੍ਹਾਂ ਸਾਫ਼ ਕਰਦੇ ਹਨ?
ਉ੦:- ਸੂਰਜ ਦੀਆਂ ਕਿਰਨਾਂ ਜਦੋਂ ਪੱਤਿਆਂ ਤੇ ਪੈਂਦੀਆਂ ਹਨ ਤਾਂ ਉਹਨਾਂ ਦੀ ਸਤਹ ਤੇ ਬਣੇ ਹੋਏ ਛੋਟੇ-ਛੋਟੇ ਸੁਰਾਖ਼ ਖੁੱਲ੍ਹ ਜਾਂਦੇ ਹਨ, ਤਾਂ ਰੁੱਖ ਹਵਾ ਦੀ ਕਾਰਬਨ ਡਾਇਆਕਸਾਈਡ ਵਿੱਚੋਂ ਕਾਰਬਨ ਅਲੱਗ ਪ੍ਰਾਪਤ ਕਰ ਲੈਂਦੇ ਹਨ ਅਤੇ ਹਵਾ ਵਿੱਚ ਸ਼ੁੱਧ ਆਕਸੀਜਨ ਰਹਿ ਜਾਂਦੀ ਹੈ। ਇਸ ਤਰ੍ਹਾਂ ਰੁੱਖ ਹਵਾ ਸਾਫ਼ ਕਰਦੇ ਹਨ।

ਪ੍ਰ੦:- ਸਤਪਾਲ ਨੇ ਮੱਝ ਦੀ ਵਾਰ-ਵਾਰ ਪ੍ਰਸ਼ੰਸਾ ਕਿਉਂ ਕੀਤੀ?

ਉ੦:- ਮੱਝ ਨੇ ਸਿਪਾਹੀ ਨੂੰ ਜ਼ਖ਼ਮ ਦਿੱਤਾ, ਪੱਥਰਲੀ ਲਗਾ ਦਿਉ

ਸੌਦਾਗਰ ਨੂੰ ਸੌਦਾਗਰ ਡਰ ਕੇ ਬੋਲਿਆ, "ਜਨਾਬ ਮੇਰੇ ਕੋਲੋਂ ਭੁੱਲ ਹੋ ਗਈ ਹੈ। ਮੈਨੂੰ ਮੁਆਫ਼ ਕਰ ਦਿਓ। ਮੈਂ ਘਰ ਜਾ ਕੇ ਮਹਾਜਨ ਦੇ ਸਾਰੇ ਰੁਪਏ ਵਿਆਜ ਸਮੇਤ ਵਾਪਸ ਕਰ ਦਿਆਂਗਾ।"
ਤਦ ਤੱਕ ਮਹਾਜਨ ਵੀ ਵਾਪਸ ਕਚਹਿਰੀ ਆ ਗਿਆ ਸੀ। ਉਸ ਨੇ ਜੱਜ ਦਾ ਧੰਨਵਾਦ ਕੀਤਾ। ਜੱਜ ਦੇ ਨਿਆਂ ਦੀ ਬਾਰ-ਬਾਰ ਪ੍ਰਸ਼ੰਸਾ ਕਰਦਾ ਹੋਇਆ ਉਹ ਸੌਦਾਗਰ ਦੇ ਨਾਲ ਰੁਪਏ ਲੈਣ ਉਸਦੇ ਘਰ ਗਿਆ।

2. ਜੋ ਪੜ੍ਹਿਆ ਹੋਇਆ ਉਸਨੂੰ ਪੜ੍ਹਿਆ ਤੇ ਜੋ ਬਾਜ਼ਾਰ ਵਿੱਚ ਹੋਇਆ, ਉਸਨੂੰ ਕ੍ਰਮਵਾਰ ਕਰਕੇ ਆਪਣੀ ਭਾਸ਼ਾ ਵਿੱਚ ਲਿਖੋ-

ੳ. ਦੂਸਰੇ ਦਿਨ ਮਹਾਜਨ ਅਤੇ ਸੌਦਾਗਰ ਕਚਹਿਰੀ ਵਿੱਚ ਹਾਜ਼ਰ ਹੋਏ। (2)

ਅ. ਇੱਕ ਪਿੱਪਲ ਦੇ ਰੁੱਖ ਹੇਠਾਂ ਮੈਂ ਇਸਨੂੰ ਪੰਜਾਹ ਰੁਪਏ ਦਿੱਤੇ ਸਨ। (3)

ੲ. ਤਾਂ ਜਾਓ, ਉਸ ਰੁੱਖ ਨੂੰ ਗਵਾਹੀ ਲਈ ਬੁਲਾ ਲਿਆਓ। (4)

ਸ. ਮਹਾਜਨ ਨੇ ਕਚਹਿਰੀ ਦੀ ਮਦਦ ਲਈ। (1)

3. ਹੇਠ ਲਿਖੇ ਸ਼ਬਦਾਂ ਦੀ ਵਰਤੋਂ ਜਿਹਨਾਂ ਵਾਕਾਂ ਵਿੱਚ ਹੋਈ ਹੈ ਉਹਨਾਂ ਨੂੰ ਆਪਣੀ ਭਾਸ਼ਾ ਵਿੱਚ ਲਿਖੋ -

1. ਗੂੰਗਾ - ਰੁੱਖ ਸਾਡੇ ਗੂੰਗੇ ਸਾਥੀ ਹਨ।

2. ਬੂੰਦਾਂ - ਫੁੱਲ ਵਰਖਾ ਦੀ ਫੁਹਾਰ ਦਾ ਬੂੰਦਾਂ ਲੈਂਦਿਆਂ ਹੀ ਮੁਸਕਣ ਲੱਗਦੇ ਹਨ।

3. ਘੋਂਸਲਾ :- ਜੇ ਇਸ ਧਰਤੀ ਤੇ ਰੁੱਖ ਨਾ ਹੁੰਦੇ ਤਾਂ ਪੰਛੀ ਆਪਣਾ ਘੋਂਸਲਾ ਕਿੱਥੇ ਬਣਾਉਂਦੇ।

4. ਸਾਹ - ਰੋਗ ਤਾਂ ਰੋਗ ਸਾਡੇ ਆਲੇ-ਦੁਆਲੇ ਦੀ ਹਵਾ ਨੂੰ ਵੀ ਰੁੱਖ ਤੇ

Scanned with CamScanner

ਵਨਸਪਤੀਆਂ ਦੀ ਸਾਫ਼ ਕਰਕੇ ਸਾਡੇ ਸਾਹ ਲੈਣ ਯੋਗ ਬਣਾਉਂਦੀਆਂ ਹਨ।

5. ਮਨੁੱਖ :- ਕੇਵਲ ਮਨੁੱਖਾਂ ਨੂੰ ਹੀ ਨਹੀਂ, ਪਸ਼ੂ - ਪੰਛੀਆਂ ਨੂੰ ਵੀ ਆਪਣੇ ਫਲ ਪੱਤਾ ਦੇ ਜੀਵਨ - ਦਾਨ ਦਿੰਦੇ ਹਨ।

ਬਹੁ - ਵਿਕਲਪੀ ਪ੍ਰਸ਼ਨ

ਸਹੀ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਾਓ -

1. ਰੁੱਖ ਸਾਡੇ ਕਿਹੜੇ ਸਾਥੀ ਹਨ ?
   ਥੱਕੇ , ਔਖੇ , ਗੂੜ੍ਹੇ (✓)

2. ਪੰਛੀ ਰੁੱਖਾਂ 'ਤੇ ਕੀ ਬਣਾਉਂਦੇ ਹਨ ?
   ਤਸਵੀਰਾਂ , ਆਲ੍ਹਣੇ (✓) , ਪੀਂਘ

3. ਰੁੱਖ ਆਦਮੀ ਨੂੰ ਕੀ ਦਿੰਦੇ ਹਨ ?
   ਕਾਰਬਨ , ਆਕਸੀਜਨ (✓) , ਨਾਈਟ੍ਰੋਜਨ

4. ਅੱਜ ਧਰਤੀ 'ਤੇ ਕੀ ਪ੍ਰਦੂਸ਼ਿਤ ਹੋ ਰਹੀ ਹੈ ?
   ਹਵਾ (✓) , ਰੋਸ਼ਨੀ , ਖੁਰਾਕ

5. ਸਾਨੂੰ ਰੁੱਖਾਂ ਦੀ ਕੀ ਕਰਨੀ ਚਾਹੀਦੀ ਹੈ ?
   ਛਾਂ , ਰਖੀ , ਸਾਂਭ - ਸੰਭਾਲ (✓)

ਵਿਆਕਰਨ (Grammar)

1. ਹੇਠ ਲਿਖੇ ਸ਼ਬਦਾਂ ਦੇ ਪਿਛੇਤਰ ਲਾ ਕੇ ਸ਼ਬਦ ਬਣਾਓ -

ੳ. ਊ ਕਮਾਊ ਉਪਜਾਊ ਖਾਊ ਲਾਊ

ਅ. ਉ ਖਾਉ ਆਉ ਲਗਾਉ ਦਿਉ

ੲ. ਆਲ ਸੜੀਅਲ ਅੜੀਅਲ ਮਰੀਅਲ

ਸ. ਆੜੀ ਅਗਾੜੀ ਫ਼ਾੜੀ ਤਾੜੀ ਪਛਾੜੀ

੨. ਹੇਠ ਲਿਖੇ ਸ਼ਬਦਾਂ ਦੇ ਅਗੇਤਰ ਲਾ ਕੇ ਸ਼ਬਦ ਬਣਾਓ-

ੳ. ਉਪ - ਉਪ - ਮੰਤਰੀ ਉਪ-ਚੁਨਾਵ ਉਪਕਾਰ ਉਪਚਾਰ

ਅ. ਅੱਧ ਅੱਧ-ਖੁੱਲ੍ਹਾ ਅੱਧ-ਕਚਾ ਅੱਧ-ਖੁਲਾ ਅੱਧ-ਪਕਾ

ੲ. ਖ਼ੁਸ਼ ਖ਼ੁਸ਼ਹਾਲੀ ਖ਼ੁਸ਼ਗਵਾਰ ਖ਼ੁਸ਼ਕਿਸਮਤ ਖ਼ੁਸ਼ਮਿਜ਼ਾਜ਼

ਸ. ਦੁਰ ਦੁਰਘਟਨਾ ਦੁਰਗਾਬੀਨ ਦੁਰਾਚਾਰ ਦੁਰਮਤ